# ਯੂਨੀਵਰਸਿਟੀ ਕੈਂਪਸ ਦੀਆਂ ਖਾਲੀ
# ਕੰਟੀਨਾਂ ਅਤੇ ਦੁਕਾਨਾਂ ਦਾ ਵੇਰਵਾ

| ਲੜੀ ਨੰ. | ਕੰਟੀਨ ਦਾ ਵੇਰਵਾ |
|---|---|
| 1. | University School of Financial Studies (ਕਾਮਰਸ ਵਿਭਾਗ)<br>**ਨੋਟ :** (ਇਸ ਵਿਭਾਗ ਵਿਖੇ ਕੰਟੀਨ ਦੀ ਅਲਾਟਮੈਂਟ BOT (Build, Operate & Transfer basis) ਤੇ ਕੀਤੀ ਜਾਵੇਗੀ । ਇਸ ਕੰਟੀਨ ਦੀਆਂ Terms & conditions, Specifications **Annexure-4** ਤੇ ਦਰਸਾਈਆਂ ਗਈਆਂ ਹਨ । |
| | **ਦੁਕਾਨਾਂ ਦਾ ਵੇਰਵਾ** |
| 1. | ਦੁਕਾਨ ਨੰ. 3 (ਭਾਈ ਗੁਰਦਾਸ ਲਾਇਬ੍ਰੇਰੀ ਬਿਲਡਿੰਗ ਦੇ ਥੱਲੇ) (**Book Shop** ਲਈ) |
| 2. | ਦੁਕਾਨ ਨੰ. 5 (ਨੇੜੇ ਪੰਜਾਬ ਐਂਡ ਸਿੰਧ ਬੈਂਕ) (**Medical Store** ਲਈ) |
| 3. | ਦੁਕਾਨ ਨੰ. 3 (ਪਾਣੀ ਵਾਲੀ ਟੈਂਕੀ ਦੇ ਥੱਲੇ) |

**ਸਾਲ 2018-2019 ਲਈ (Extendable upto 30-6-2021) ਯੂਨੀਵਰਸਿਟੀ ਕੈਂਪਸ ਦੀਆਂ ਕੰਟੀਨਾਂ/ਦੁਕਾਨਾਂ ਆਦਿ ਦੀ ਅਲਾਟਮੈਂਟ ਸਬੰਧੀ ਸ਼ਰਤਾਂ**

**ਬਿਨੈਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੰਟੀਨਾਂ/ਦੁਕਾਨਾਂ ਲਈ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈ-ਪੱਤਰ ਕੈਂਸਲ/ਰਿਜੈਕਟ ਨਾ ਹੋਵੇ ।**

1. ਕੰਟੀਨਾਂ/ਦੁਕਾਨਾਂ ਦੀ ਅਲਾਟਮੈਂਟ ਲਈ ਬਿਨੈ-ਪੱਤਰ ਇਸ਼ਤਿਹਾਰ ਛੱਪਣ ਦੀ ਮਿਤੀ ਤੋਂ 10 ਦਿਨ੍ਹਾਂ ਦੇ ਅੰਦਰ-ਅੰਦਰ ਮੰਗੇ ਜਾਂਦੇ ਹਨ । ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਸਹਾਇਕ ਰਜਿਸਟਰਾਰ (ਜਨਰਲ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ ਕੇਵਲ **ਰਜਿਸਟਰਡ ਪੋਸਟ ਰਾਹੀਂ** ਜੀ ਭੇਜੇ ਜਾਣ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the allotment of Canteen/Medical Store/Book Shop/Shop (*ਜਿਸ ਲਈ ਵੀ ਅਪਲਾਈ ਕੀਤਾ ਹੋਵੇ*) ਲਿਖਿਆ ਹੋਵੇ ।
2. ਕੰਟੀਨ/ਦੁਕਾਨਾਂ ਦੀ ਅਲਾਟਮੈਂਟ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ (*ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ*) ਅਤੇ ਜਿਨ੍ਹਾਂ ਕੋਲ ਕਿਸੇ ਸੰਸਥਾਂ/ਕਾਲਜ/ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । Experience Certificate ਅਤੇ Residence Proof (Adhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
3. ਜੇਕਰ ਕਿਸੇ ਕਾਰਨ ਕਰਕੇ ਕਿਸੇ ਕੰਟੀਨ/ਦੁਕਾਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਉਸ ਦੀ ਮੁੜ ਅਲਾਟਮੈਂਟ ਜਾਂ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ corrigendum ਯੂਨੀਵਰਸਿਟੀ ਵੈਬ ਸਾਇਟ ਤੇ ਅਪਲੋਡ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
4. ਪੰਜਾਬ ਅਤੇ ਸਿੰਧ ਬੈਂਕ ਦੇ ਨਜ਼ਦੀਕ **ਦੁਕਾਨ ਨੰਬਰ 5 (Medical Store)** ਲਈ ਕੇਵਲ Registered Pharmacist ਹੀ ਅਪਲਾਈ ਕਰ ਸਕਦਾ ਹੈ ਬਸ਼ਰਤੇ ਉਸਨੂੰ (*ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ*) । ਇਸ ਦੇ ਨਾਲ ਹੀ ਬਿਨੈਕਾਰ Drugs & Consmetics Act, 1940 ਅਤੇ 1945 ਤਹਿਤ ਨਿਰਧਾਰਿਤ ਸ਼ਰਤਾਂ ਵੀ ਪੂਰੀਆਂ ਕਰਦਾ ਹੋਵੇ ਅਤੇ ਉਸ ਕੋਲ ਕਿਸੇ Reputed Hospital ਜਾਂ Govt. Health Centre ਵਿਖੇ ਕੰਮ ਕਰਨ ਦਾ 3 ਸਾਲ ਦਾ ਤਜ਼ਰਬਾ ਵੀ ਹੋਵੇ । Registration Certificate, Experience Certificate ਅਤੇ Residence Proof (Aadhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
5. ਦੁਕਾਨ ਨੰ. 3 (ਭਾਈ ਗੁਰਦਾਸ ਲਾਇਬ੍ਰੇਰੀ ਬਿਲਡਿੰਗ ਦੇ ਥੱਲੇ) (**Book Shop**) ਲਈ ਅਤੇ ਦੁਕਾਨ ਨੰ. 5 (ਨੇੜੇ ਪੰਜਾਬ ਐਂਡ ਸਿੰਧ ਬੈਂਕ) (**Medical Store**) ਲਈ ਘੱਟੋ-ਘੱਟ **10,000/- ਪ੍ਰਤੀ ਮਹੀਨਾ License Fee/Financial Bid (GST excluded)** ਰੱਖੀ ਗਈ ਹੈ ।
6. ਇਕ ਤੋ ਵੱਧ ਕੰਟੀਨ/ਦੁਕਾਨਾਂ ਵਾਸਤੇ ਵੱਖ-ਵੱਖ ਫਾਰਮ/ਬਿਨੈ-ਪੱਤਰ ਰਾਹੀਂ ਅਪਲਾਈ ਕਰਨਾ ਪਵੇਗਾ ।
7. ਕੰਟੀਨ/ਦੁਕਾਨਾਂ ਦੀ ਮੁਢਲੀ ਅਲਾਟਮੈਂਟ ਮਿਤੀ 30/06/2019 **ਤੱਕ** ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 2 ਸਾਲਾਂ (Extendable upto 30-6-2021 ਤੱਕ) ਲਈ ਹਰ ਸਾਲ ਕਿਰਾਏ ਵਿੱਚ 5% ਦਾ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
8. ਫਾਰਮ/ਬਿਨੈ ਪੱਤਰ ਦੀ ਕੀਮਤ **2,000/- ਰੁਪਏ** ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ ।
9. ਕੰਟੀਨ/ਦੁਕਾਨ ਲਈ ਬਿਨੈਕਾਰ ਵੱਲੋਂ ਅਪਣੇ ਬਿਨੈ ਪੱਤਰ ਵਿੱਚ ਜਿੰਨੀ License Fee/Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਅਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ*

*ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।

10. ਕੰਟੀਨ/ਦੁਕਾਨ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ License Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ । ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਲਾਤਾ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ License Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਕੈਂਪਸ ਵਿਖੇ ਕਿਸੇ ਕੰਟੀਨ, ਦੁਕਾਨ, Food Court, ਵਹੀਕਲ ਸਟੈਂਡ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ ।

11. ਬਿਨੈਕਾਰਾਂ ਨੂੰ ਇਹ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿਮੇਂਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ । ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਦਫਤਰ ਵੱਲੋਂ ਸਮੂਹ ਯੋਗ ਬਿਨੈਕਾਰਾਂ ਦੀ ਲਿਸਟ (ਸਮੇਤ Waiting List) ਯੂਨੀਵਰਸਿਟੀ ਵੈਬ-ਸਾਇਟ ਤੇ Link->Tenders ਤੇ upload ਕੀਤੀ ਜਾਵੇਗੀ ।

12. ਕੰਟੀਨ/ਦੁਕਾਨ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਕੰਟੀਨ/ਦੁਕਾਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਣਾ ਚਾਹੁੰਦਾ ਹੈ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ, ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਕੰਟੀਨ/ਦੁਕਾਨ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।

13. ਕੰਟੀਨ/ਦੁਕਾਨ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (*ਸਮੇਤ* GST) ਦਸੰਬਰ ਮਹੀਨੇ ਦੀ 25 ਤੋਂ 31 ਤਾਰੀਖ (*ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ*) ਜਮ੍ਹਾਂ ਕਰਵਾਏਗਾ । ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਜਨਵਰੀ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (*ਸਮੇਤ* GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ । ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ ।

14. ਕੰਟੀਨ ਲਈ ਅਪਲਾਈ ਕਰਨ ਸਮੇਂ ਬਿਨੈਕਾਰ ਕੋਲ Food Safety and Standards Authority of India ਵੱਲੋਂ ਨਿਰਧਾਰਿਤ **Valid FSSAI License** ਹੋਵੇ ਜਿਸ ਦੀ ਪਰਤ ਬਿਨੈਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।

15. ਯੂਨੀਵਰਸਿਟੀ ਕੈਂਪਸ ਵਿਖੇ ਸਥਿਤ ਵੱਖ-ਵੱਖ ਕੰਟੀਨਾਂ/ਦੁਕਾਨਾਂ ਦੇ ਠੇਕੇਦਾਰ ਕਿਰਾਏ, ਬਿਜਲੀ, ਪਾਣੀ ਦੇ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ ।

16. ਕੰਟੀਨ/ਦੁਕਾਨਾਂ ਵਿਚ ਬਿਜਲੀ ਦੇ ਮੀਟਰ ਠੇਕੇਦਾਰ ਵੱਲੋਂ ਅਪਣੇ ਪੱਧਰ ਅਤੇ ਖਰਚੇ ਤੇ ਲਗਾਵਾਏ ਜਾਣਗੇ ਅਤੇ ਇਨ੍ਹਾਂ ਦੇ ਬਿਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਅਪਣੇ ਪੱਧਰ ਤੇ

ਕੀਤੀ ਜਾਵੇਗੀ । ਕੰਟੀਨ ਦੇ ਠੇਕੇਦਾਰ ਪਾਸੋਂ ਪਾਣੀ ਦਾ ਕਿਰਾਇਆ 500/- ਪ੍ਰਤੀ ਮਹੀਨਾ ਅਨੁਸਾਰ ਚਾਰਜ਼ ਕੀਤਾ ਜਾਵੇਗਾ ।

17. ਕੰਟੀਨ ਦੇ ਠੇਕੇਦਾਰ ਵੱਲੋਂ ਕੰਟੀਨ ਵਿਖੇ ਵਰਤਿਆ ਜਾਣ ਵਾਲਾ furniture ਯੂਨੀਵਰਸਿਟੀ ਵੱਲੋਂ ਨਿਰਧਾਰਿਤ specifications (**Annexure 1**) ਅਨੁਸਾਰ ਅਪਣੇ ਪੱਧਰ ਤੇ ਅਤੇ ਅਪਣੇ ਖਰਚੇ ਤੇ ਖਰੀਦਨਾ ਜ਼ਰੂਰੀ ਹੋਵੇਗਾ ।
18. ਉਕਤ ਲੜੀ ਨੰਬਰ 17 ਅਨੁਸਾਰ ਸਬੰਧਿਤ ਠੇਕੇਦਾਰ ਵੱਲੋਂ ਜੋ furniture ਅਪਣੇ ਖਰਚੇ ਤੇ ਲਗਾਇਆ ਗਿਆ ਹੋਵੇਗਾ, ਅਲਾਟਮੈਂਟ ਦੀ ਮਿਆਦ ਖਤਮ ਤੋਂ ਬਾਅਦ ਉਹ ਸਮਾਨ ਠੇਕੇਦਾਰ ਅਪਣੇ ਨਾਲ ਲਿਜਾਣ ਦਾ ਹੱਕਦਾਰ ਹੋਵੇਗਾ ।
19. ਕੰਟੀਨ/ਦੁਕਾਨਾਂ ਦੇ ਠੇਕੇਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਿਤ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ ।
20. ਕੰਟੀਨ ਵਿੱਚ ਮਿਟੀ ਦਾ ਤੇਲ, ਲੱਕੜ ਅਤੇ ਕੋਲੇ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ।
21. ਕੰਟੀਨ ਦੇ ਠੇਕੇਦਾਰ ਵੱਲੋਂ ਇਕ ਮਹੀਨੇ ਦੇ ਅੰਦਰ-ਅੰਦਰ ਅਪਣੇ ਪੱਧਰ ਤੇ ਨਾਲ ਕੰਮ ਕਰਦੇ ਸਰਵਿਸ ਸਟਾਫ ਦੀ ਯੂਨੀਵਰਸਿਟੀ ਸਿਹਤ ਕੇਂਦਰ ਤੋਂ ਮੈਡੀਕਲ ਜਾਂਚ ਕਰਵਾਈ ਜਾਵੇਗੀ ਅਤੇ ਉਨ੍ਹਾਂ ਦੇ ਮੈਡੀਕਲ ਸਰਟੀਫੀਕੇਟ ਦੀ ਪਰਤ ਜਨਰਲ ਸ਼ਾਖਾ ਵਿਖੇ ਜਮ੍ਹਾਂ ਕਰਵਾਈ ਜਾਵੇਗੀ ।
22. ਕੰਟੀਨ/ਦੁਕਾਨਾਂ ਵਿਚ ਕੰਮ ਕਰਨ ਵਾਲਾ ਸਾਰਾ ਸਟਾਫ ਸਿਰ ਉਪਰ ਪੱਗੜੀ ਬੱਨਣਗੇ ਜਾਂ cap ਪਾਉਣਗੇ। ਉਹ ਹਲਕੇ ਰੰਗ ਦੀ ਜੈਕਟ, ਜਿਸ ਦੇ ਮਗਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਿਖਿਆ ਹੋਵੇ ਪਹਿਨਣਗੇ । ਜੈਕਟ ਉਹਨਾਂ ਵਲੋਂ ਆਪਣੇ ਪੱਧਰ ਤੇ ਬਣਾਈ ਜਾਵੇਗੀ । ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
23. ਕੰਟੀਨ/ਦੁਕਾਨਾਂ ਦੇ ਠੇਕੇਦਾਰਾਂ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
24. ਕੰਟੀਨ/ਦੁਕਾਨਾਂ ਦਾ ਸਾਰਾ ਸਟਾਫ ਸਾਫ ਸੁਥਰੇ ਕਪੜੇ ਪਾਉਣਗੇ।
25. ਕੰਟੀਨਾਂ ਦੇ ਠੇਕੇਦਾਰ ਚਾਹ ਪਾਣੀ ਆਦਿ ਲਈ ਕਿਸੇ ਵੀ ਪ੍ਰਕਾਰ ਦੇ ਡਿਸਪੋਜ਼ੇਬਲ ਗਲਾਸ/ਪਲੇਟਾਂ ਦੀ ਵਰਤੋਂ ਨਹੀਂ ਕਰਣਗੇ ।
26. ਕੰਟੀਨ ਦੇ ਠੇਕੇਦਾਰ ਸਾਰੀਆਂ ਵਸਤਾਂ ਮਿਆਰੀ ਰੱਖਣਗੇ ਅਤੇ ਕੰਟੀਨ ਵਿਚ ਵਿਕਣ ਵਾਲੀਆਂ ਵਸਤੂਆਂ ਦੀ approved rate list (**Annexure -3**)ਲਗਾਉਣਗੇ ।
27. ਠੇਕੇਦਾਰ ਕੰਟੀਨ/ਦੁਕਾਨਾਂ ਨੂੰ ਸਾਫ ਸੁਥਰਾ ਰੱਖਣਗੇ। (**Annexure 2**)
28. ਹਰੇਕ ਠੇਕੇਦਾਰ ਨੂੰ ਕੰਟੀਨ/ਦੁਕਾਨਾਂ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
29. ਕੰਟੀਨ ਦੇ ਠੇਕੇਦਾਰ ਵੱਲੋਂ ਕੰਟੀਨ ਦੇ ਬਾਹਰ ਮੋਟੇ ਅੱਖਰਾਂ ਵਿਚ ਲਿਖਵਾ ਕੇ ਬੋਰਡ ਲਗਾਇਆ ਜਾਵੇਗਾ ਕਿ "**ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ ਸਖਤ ਮਨ੍ਹਾਂ ਹੈ**" ਅਤੇ ਨਾਲ ਹੀ ਠੇਕੇਦਾਰ ਕੰਟੀਨ ਦੇ ਬੋਰਡ ਤੇ ਅਪਣਾ ਨਾਮ ਅਤੇ ਮੋਬਾਇਲ ਨੰਬਰ ਵੀ ਦਰਸਾਵੇਗਾ ।
30. ਕੰਟੀਨ/ਦੁਕਾਨਾਂ ਵਿਚ ਵਿਕਣ ਵਾਲੀਆਂ ਵਸਤੂਆਂ ਨੂੰ ਕਿਸੇ ਸਮੇਂ ਵੀ ਮੈਡੀਕਲ ਅਫਸਰ ਜਾਂ ਸਮਰਥ ਅਧਿਕਾਰੀ ਵਲੋਂ ਚੈਕ ਕੀਤਾ ਜਾ ਸਕਦਾ ਹੈ। ਸਾਫ ਸਫਾਈ ਸਬੰਧੀ ਅਣਗਹਿਲੀ ਵਰਤਨ ਵਾਲੇ ਅਲਾਟੀ ਨੂੰ ਨਾਲ ਨੱਥੀ Penalty Structure (**Annexure 2**)ਅਨੁਸਾਰ ਜੁਰਮਾਨਾਂ ਕੀਤਾ ਜਾਵੇਗਾ ਅਤੇ ਵੱਡੀ ਕੁਤਾਹੀ ਕਰਨ ਦੀ ਸੂਰਤ ਵਿਚ 15 ਦਿਨ੍ਹਾਂ ਦੇ ਅੰਦਰ-2 ਅਲਾਟਮੈਂਟ ਕੈਂਸਲ ਕੀਤੀ ਜਾਵੇਗੀ ।
31. ਕੰਟੀਨ ਦਾ ਸਮਾਂ ਮਾਰਚ ਤੋਂ ਅਕਤੂਬਰ ਸ਼ਾਮ 7 ਵਜੇ ਤੱਕ ਤੇ ਨਵੰਬਰ ਤੋਂ ਫਰਵਰੀ ਸ਼ਾਮ 6 ਵਜੇ ਤੱਕ ਹੋਵੇਗਾ।
32. ਕੰਟੀਨ/ਦੁਕਾਨ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
33. ਠੇਕੇਦਾਰਾਂ ਨੂੰ "**ਬਗੈਰ ਕਾਰਨ ਦੱਸੇ**" ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਕੰਟੀਨ/ਦੁਕਾਨ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।

*ਨੋਟ: ਜਿਸ ਉਮੀਦਵਾਰ ਨੂੰ ਕੰਟੀਨ/ਦੁਕਾਨ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*

# <u>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ</u>

## ਮੈਡੀਕਲ ਸਟੋਰ
## ਲਈ ਫਾਰਮ/ਬਿਨੈ-ਪੱਤਰ

ਬਿਨੈਕਾਰ ਦੀ
ਫੋਟੋ

1. ਬਿਨੈਕਾਰ ਦਾ ਨਾਮ : ___________________________
2. ਪਿਤਾ ਦਾ ਨਾਮ : ___________________________
3. ਉਮਰ : ___________________________
4. ਘਰ ਦਾ ਪਤਾ : ___________________________

   ___________________________

   ___________________________

5. ਮੋਬਾਇਲ ਨੰ. : ___________________________
6. E-mail ID : ___________________________

   *ਨੋਟ : (ਮੋਬਾਇਲ ਨੰਬਰ ਅਤੇ E-mail ਦਰੁੱਸਤ ਭਰੀ ਜਾਵੇ, ਜੇਕਰ ਕੋਈ ਤਰੁੱਟੀ ਰਹਿੰਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।)*

7. Reputed Hospital ਜਾਂ Govt. Health Centre ਵਿਖੇ ਕੰਮ ਕਰਨ ਦਾ ਤਜ਼ਰਬਾ :

| ਕ੍ਰਮ ਨੰ. | Hospital/Health Centre ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

**ਨੋਟ:- Experience Certificate ਨੱਥੀ ਕੀਤਾ ਜਾਵੇ।**

8. ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : _____________(ਪ੍ਰਤੀ ਮਹੀਨਾ)
9. ਫਾਰਮ ਦੀ ਕੀਮਤ/ਫੀਸ ਦਾ ਵੇਰਵਾ : ਰਸੀਦ ਨੰਬਰ ________________ ਮਿਤੀ __________
10. ਬੈਂਕ ਡਰਾਫਟ ਦਾ ਵੇਰਵਾ :ਨੰਬਰ________________ਰਕਮ___________ ਮਿਤੀ __________

ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ 2,000/-ਰੁਪਏ**

# <u>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ</u>

## <u>ਕੰਟੀਨਾਂ/ਦੁਕਾਨਾਂ</u>
## <u>ਲਈ ਫਾਰਮ/ਬਿਨੈ-ਪੱਤਰ</u>

ਬਿਨੈਕਾਰ ਦੀ ਫੋਟੋ

11. ਬਿਨੈਕਾਰ ਦਾ ਨਾਮ : ____________________________

12. ਪਿਤਾ ਦਾ ਨਾਮ : ____________________________

13. ਉਮਰ : ____________________________

14. ਘਰ ਦਾ ਪਤਾ : ____________________________

____________________________

____________________________

15. ਮੋਬਾਇਲ ਨੰ. : ____________________________

16. E-mail ID : ____________________________

*ਨੋਟ : (ਮੋਬਾਇਲ ਨੰਬਰ ਅਤੇ E-mail ਦਰੁੱਸਤ ਭਰੀ ਜਾਵੇ, ਜੇਕਰ ਕੋਈ ਤਰੁੱਟੀ ਰਹਿੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।)*

17. ਵਿਦਿਅਕ ਜਾਂ ਕਿਸੇ ਹੋਰ ਸੰਸਥਾ/ਕਾਲਜ/ਯੂਨੀਵਰਸਿਟੀ ਆਦਿ ਵਿਚ ਕੰਟੀਨ/ਦੁਕਾਨ ਚਲਾਉਣ ਦਾ ਤਜ਼ਰਬਾ :

| **ਕ੍ਰਮ ਨੰ.** | **ਸੰਸਥਾ ਦਾ ਨਾਮ** | **ਸਮਾਂ** | |
|---|---|---|---|
| | | **ਕਦੋਂ ਤੋਂ** | **ਕਦੋਂ ਤੱਕ** |
| | | | |
| | | | |
| | | | |

**ਨੋਟ:- Experience Certificate ਨੱਥੀ ਕੀਤਾ ਜਾਵੇ।**

18. ਕਿਸ ਬਲਾਕ ਦੀ ਕੰਟੀਨ/ਦੁਕਾਨ ਲੈਣ ਦੇ ਚਾਹਵਾਨ ਹੋ ?

________________________________________________________________

19. ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ____________(ਪ੍ਰਤੀ ਮਹੀਨਾ)

20. ਫਾਰਮ ਦੀ ਕੀਮਤ/ਫੀਸ ਦਾ ਵੇਰਵਾ : ਰਸੀਦ ਨੰਬਰ ______________ ਮਿਤੀ __________

21. ਬੈਂਕ ਡਰਾਫਟ ਦਾ ਵੇਰਵਾ :ਨੰਬਰ______________ਰਕਮ__________ ਮਿਤੀ __________

ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ** 2,000/-**ਰੁਪਏ**

Annexure - 1





# Guru Nanak Dev University, Amritsar

Annexure -2

**Penalty Structure for violation of Terms & Conditions**

| ***Sr.*** | ***Particulars*** | ***Penalty in Rs.*** | ***Remarks*** |
|---|---|---|---|
| | **Major Discrepancy** | | |
| **1** | **Cleanliness of Kitchen** | | |
| | *I. Good* | --- | |
| | *II. Average* | 200 | |
| | *III. Poor* | 1000 | |
| | *IV. Very Poor* | 2000 | |
| **2** | **Quality of Raw Material/ Final Product** | | |
| | *I. Good* | --- | |
| | *II. Average* | 200 | |
| | *III. Poor* | 1000 | |
| | *IV. Very Poor* | 2000 | |
| **3** | **Use of Fuel:** *Oil, Wood, Coal* | 2000 | |
| **4** | **Personal Hygiene of Service Boys** | | |
| | *I. Nails' Cut* | @400 | i.e. multiply by no. of boys |
| | *II. Age of Service Boys, if below 14 Years* | **Cancellation of Contract Straightaway** | |
| **5** | **Use of Disposables:** *Thermocol, Plastic glass/plate prohibited* | 400 | |
| **6** | **Non-Display of Board** ***"Use of Intoxicants is Prohibited"*** | 1000 | |
| **7** | **Non-Display of Fixed Rate List** | 1000 | |
| | **Minor Discrepancy** | | |
| **8** | **Cleanliness of Surroundings** | | |
| | *I. Fist Time* | Warning | |
| | *II. Second Time* | 1000 | |
| | *III. Third Time* | 2000 | |
| | *IV. Fourth Time* | 5000 | |
| | *V. Last Time* | **Contract Cancelled and permanently debar for participating in any allotment** | |
| **9** | **Non-wearing of Name-Plate/Identity-Card by Staff** | @200 | i.e. multiply by no. of boys |
| **10** | **Non-wearing of Jackets by Boys with G.N.D.U mark on backside** | @200 | --do-- |
| **11** | **Personal Hygiene of Service Boys** | | |
| | *I. Head Cover missing* | @200 | --do-- |
| | *II. Clean Clothing not proper* | @200 | --do-- |
| | *III. Hair Cut not proper* | @200 | --do-- |

Annexure -3

**Approved Rates of Common Items**

| ਕ੍ਰਮ ਨੰ. | ਆਈਟਮ ਦਾ ਨਾਮ | ਰੇਟ |
|---|---|---|
| 1 | ਚਾਹ | 8.00/- |
| 2 | ਚਾਹ (Tea Bag) | 9.00/- |
| 3 | ਦੁੱਧ ਪੱਤੀ | 11.00/- |
| 4 | ਸਮੋਸਾ | 8.00/- |
| 5 | ਬ੍ਰੈਡ ਪਕੋੜਾ (ਸਿੰਗਲ) | 8.00/- |
| 6 | ਸਪਰਿੰਗ ਰੋਲ (Veg.) | 12.00/- |
| 7 | ਬ੍ਰੈਡ ਰੋਲ (50 ਗਮ.) | 8.00/- |
| 8 | ਕੌਫੀ | 12.00/- |
| 9 | ਵੇਸਨ(50 ਗਮ.) | 8.00/- |
| 10 | ਭਠੂਰਾ ਚਨਾ/ਨਿਉਟਰੀ ਕੁਲਚਾ/ਆਲੂ ਕੁਲਚਾ | 25.00/- |
| 11 | ਆਲੂ ਕੁਲਚਾ (with butter) | 30.00/- |
| 12 | Cold Drink | MRP |
| 13 | ਆਲੂ ਟਿੱਕੀ (1 pc) | 8.00/- |
| 14 | ਆਮਲੇਟ 2 ਆਂਡਿਆਂ ਦਾ | 20.00/- |
| 15 | ਬ੍ਰੈਡ ਆਮਲੇਟ 2 ਆਂਡਿਆਂ ਦਾ | 25.00/- |
| 16 | ਪੈਟੀ | 10.00/- |
| 17 | ਬਰਗਰ without mayonnaise (veg.)/ with mayonnaise (Veg.) | 25.00/30.00/- |
| 18 | Maggi/ Knoor Maggi | 25.00/- |
| 19 | Paasta (Plate) | 30.00/- |
| 20 | ਸੈਂਡਵਿਚ 2 ਪੀਸ | 15.00/- |
| 21 | ਜੰਬੋ ਗ੍ਰਿਲਡ ਸੈਂਡਵਿਚ 2 ਪੀਸ (Corn/Cheese) | 35.00/- |
| 22 | ਆਲੂ ਵਾਲਾ ਪਰਾਠਾ simple | 15.00/- |
| 23 | ਆਲੂ ਵਾਲਾ ਪਰਾਂਠਾ (ਮੱਖਣ ਨਾਲ) | 20.00/- |
| 24 | ਆਲੂ ਵਾਲਾ ਪਰਾਂਠਾ (ਦਹੀ ਨਾਲ) | 22.00/- |
| 25 | ਰੋਟੀ | 5.00/- |
| 26 | ਸਿੰਪਲ ਦਹੀ | 10.00/- |
| 27 | ਰਾਜਮਾਹ ਚਾਵਲ/ਕੜੀ ਚਾਵਲ/ਚਨਾ ਚਾਵਲ | 30.00/- |
| 28 | ਨੂਡਲਸ ਫੁੱਲ ਪਲੇਟ (veg.) | 40.00/- |
| 29 | ਪਨੀਰ ਪਕੋੜਾ (Standard Size) | 15.00/- |
| 30 | ਜੂਸ (Mixed) | 30.00/- |
| 31 | Plain Dosa/Masala Dosa | 25.00/30.00/- |

**ਰਜਿਸਟਰਾਰ**

**ਯੂਨੀਵਰਸਿਟੀ ਕੈਂਪਸ ਦੇ University School of Financial Studies (ਕਾਮਰਸ ਵਿਭਾਗ) ਵਿਖੇ ਮਿਤੀ 1-8-2018 ਤੋਂ BOT (Build, Operate & Transfer) Basis ਤੇ ਕੀਤੀ ਜਾਣ ਵਾਲੀ ਕੰਟੀਨ ਦੀ ਅਲਾਟਮੈਂਟ ਸਬੰਧੀ Terms & Conditions, specifications ਆਦਿ**

1. ਇਸ ਵਿਭਾਗ ਦੀ ਕੰਟੀਨ ਦੀ ਅਲਾਟਮੈਂਟ 5 ਸਾਲ ਲਈ BOT (Build, Operate & Transfer) basis ਤੇ ਕੀਤੀ ਜਾਵੇਗੀ ਭਾਵ ਕਿ ਠੇਕੇਦਾਰ ਵੱਲੋਂ ਇਸ ਕੰਟੀਨ ਦੀ ਉਸਾਰੀ ਅਪਣੇ ਪੱਧਰ ਅਤੇ ਅਪਣੇ ਖਰਚੇ ਤੇ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਹੇਠ ਲਿਖਿਆਂ specifications ਅਨੁਸਾਰ ਹੀ ਕੀਤੀ ਜਾਵੇਗੀ ਅਤੇ ਠੇਕੇਦਾਰ ਵੱਲੋਂ ਨਿਯਮਾਂ ਅਨੁਸਾਰ ਬਣਦਾ ਕਿਰਾਇਆ/GST, ਬਿਜਲੀ, ਪਾਣੀ ਆਦਿ ਦਾ ਕਿਰਾਇਆ ਕੈਸ਼ੀਅਰ ਪਾਸ ਜਮ੍ਹਾਂ ਕਰਵਾਉਣਾ ਪਵੇਗਾ ।
2. ਅਲਾਟਮੈਂਟ ਦੀ ਮਿਆਦ ਖਤਮ ਹੋਣ ਤੇ ਠੇਕੇਦਾਰ ਵੱਲੋਂ ਉਸਾਰੀ ਕੀਤੀ ਗਈ ਕੰਟੀਨ ਨੂੰ (Proper condition ਵਿੱਚ) ਯੂਨੀਵਰਸਿਟੀ ਨੂੰ ਬਗੈਰ ਕਿਸੇ ਵਿੱਤੀ ਲਾਭ ਦੇ ਸੌਂਪਣੀ ਪਵੇਗੀ ।
3. ਅਲਾਟਮੈਂਟ ਦੀ ਮਿਆਦ ਖਤਮ ਹੋਣ ਤੇ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਉਸਾਰੀ ਵਿੱਭਾਗ ਵੱਲੋਂ ਕੰਟੀਨ ਦੇ Structure ਦੀ Checking ਕਰਨ ਉਪਰੰਤ ਹੀ ਜਾਰੀ ਕੀਤੇ ਜਾਣ ਵਾਲੇ No Due Certificate ਦੇ ਆਧਾਰ ਤੇ ਹੀ ਜਮਾਨਤੀ ਰਕਮ ਵਾਪਿਸ ਕੀਤੀ ਜਾਵੇਗੀ ।
4. ਇਸ ਤੋਂ ਇਲਾਵਾ ਬਾਕੀ Terms & Conditions ਜੋ ਕਿ ਯੂਨੀਵਰਸਿਟੀ ਕੈਂਪਸ ਦੀਆਂ ਕੰਟੀਨਾਂ/ਦੁਕਾਨਾਂ ਲਈ ਨਿਰਧਾਰਿਤ ਕੀਤੀਆਂ ਗਈਆਂ ਹਨ, ਅਨੁਸਾਰ ਹੀ ਲਾਗੂ ਹੋਣਗੀਆਂ ।
5. **specifications :**
   **ਸਥਾਨ :** ਮਹਾਰਾਜਾ ਰਣਜੀਤ ਸਿੰਘ ਭਵਨ ਲਾਇਬ੍ਰੇਰੀ ਦੇ ਉੱਪਰ
   **ਏਰੀਆ :** 50'X55' ਕੁਲ 2750 sq.ft.
   **ਉਸਾਰੀ :** ਇਸ ਜਗ੍ਹਾ ਤੇ ਕੰਟੀਨ ਦੀ ਉਸਾਰੀ ਲਈ RCC ਜਾਂ Brick Work ਨਹੀਂ ਕੀਤਾ ਜਾਵੇਗਾ ਕੇਵਲ Light frames (Portable MS Angle/Sheet Fabricated) ਦੀ ਵਰਤੋਂ ਕਰਦੇ ਹੋਏ ਉਸਾਰੀ ਵਿਭਾਗ ਨੂੰ ਸੂਚਿਤ ਕਰਨ ਉਪਰੰਤ ਹੀ structure ਬਣਾਇਆ ਜਾਵੇਗਾ ।